T-13 (A)

ਜੈ ਗੁਰੂਦੇਵ ਜੈ ਭੀਮ !

# ਡਾ: ਅੰਬੇਡਕਰ ਦਾ ਕਰਜ਼

ਟ੍ਰੈਕਟ ਨੰ: 13



ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ
(1891-1956)

ਪਹਿਲੀ ਵਾਰ—2000 ਅਪ੍ਰੈਲ—2004

ਪ੍ਰਕਾਸ਼ਕ :

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ)**
*ਹੈੱਡ-ਆਫਿਸ* : ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4
*ਸਬ-ਆਫਿਸ* : ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ,
ਜ਼ਿਲ੍ਹਾ ਜਲੰਧਰ-144 201

ਕੀਮਤ—ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

# ਡਾ: ਅੰਬੇਡਕਰ ਜੀ ਦੀ ਸੰਖੇਪ ਜੀਵਨੀ

ਡਾ: ਭੀਮ ਰਾਓ ਅੰਬੇਡਕਰ ਕਿਸੇ ਮਨੁੱਖ ਦਾ ਨਾਮ ਨਹੀਂ, ਇਹ ਤਾਂ 60-65 ਸਾਲ ਦੇ ਦਲਿਤਾਂ ਦੇ ਇਨਕਲਾਬੀ ਯੁੱਗ ਦਾ ਨਾਮ ਹੈ। ਇਹ ਤਾਂ ਗੁਰੂ ਰਵਿਦਾਸ, ਗੁਰੂ ਕਬੀਰ ਜੀ ਦੁਆਰਾ ਸਿਰਜੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪ੍ਰਭੂ ਵਲੋਂ ਭੇਜੀ ਕਿਸੇ ਅਸੀਮ ਸ਼ਕਤੀ ਦਾ ਨਾਮ ਹੈ। ਇਹ ਤਾਂ ਹਿੰਦੁਸਤਾਨ ਦੀ ਗਲ ਚੁੱਕੀ, ਸੜ ਚੁੱਕੀ ਸੰਸਕ੍ਰਿਤੀ ਨੂੰ ਭਸਮ ਕਰਨ ਵਾਲੀ ਪ੍ਰਚੰਡ ਅਗਨੀ ਦਾ ਨਾਮ ਹੈ।

ਇਸ ਮਹਾਨ ਸ਼ਕਤੀ ਦਾ ਉਦੇ 14 ਅਪ੍ਰੈਲ 1891 ਈਸਵੀ ਨੂੰ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਇੰਦੌਰ ਦੇ ਪਿੰਡ ਮਹੂ (ਮਿਲਟਰੀ ਛਾਉਣੀ) ਵਿਖੇ ਪਿਤਾ ਰਾਮ ਜੀ ਦੇ ਘਰ ਮਾਤਾ ਭੀਮਾ ਬਾਈ ਜੀ ਦੀ ਕੁਖੋਂ ਹੋਇਆ। ਪਿਛੋਕੜ ਤੋਂ ਡਾ: ਅੰਬੇਡਕਰ ਜੀ ਦੇ ਬਾਬਾ ਮਾਲੋ ਜੀ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਦੇ ਪਿੰਡ ਅੰਬਾਵੜੇ ਦੇ ਵਸਨੀਕ ਸਨ। ਆਪ ਬ੍ਰਾਹਮਣਵਾਦ ਦੁਆਰਾ ਚਲਾਈ ਭੇੜੀ ਵਰਣ ਵੰਡ ਅਨੁਸਾਰ ਅਖੌਤੀ ਮਹਾਰ ਜਾਤੀ, ਜਿਸ ਤੋਂ ਮਹਾਰਾਸ਼ਟਰ ਦਾ ਨਾਮ ਪਿਆ, ਵਿਚ ਪੈਦਾ ਹੋਏ।

ਆਪ ਜੀ ਦੇ ਪਿਤਾ ਰਾਮ ਜੀ ਫੌਜ ਵਿਚ ਸੂਬੇਦਾਰ ਸਨ। ਸੂਬੇਦਾਰ ਰਾਮ ਜੀ ਦੇ ਘਰ 13 ਬੱਚੇ ਪੈਦਾ ਹੋਏ, 14ਵੇਂ ਡਾ: ਅੰਬੇਡਕਰ ਜੀ ਸਨ। ਇਸੇ ਕਰਕੇ ਬਾਬਾ ਸਾਹਿਬ ਹੱਸਦੇ ਹੋਏ ਕਿਹਾ ਕਰਦੇ ਸਨ ਕਿ "ਮੈਂ ਆਪਣੇ ਮਾਂ-ਬਾਪ ਦਾ ਚੌਦਵਾਂ ਰਤਨ ਹਾਂ।" ਬਾਬਾ ਸਾਹਿਬ ਦੱਸਦੇ ਸਨ ਕਿ ਮੇਰੇ ਜਨਮ ਸਮੇਂ ਜੋਤਸ਼ੀਆਂ ਨੇ ਕਿਹਾ ਸੀ ਕਿ ਇਹ ਬੱਚਾ ਮਨਹੂਸ ਹੈ। ਇਹ ਕੁਲ ਨੂੰ ਕਲੰਕਿਤ ਕਰੇਗਾ। ਭੀਮ ਰਾਓ ਜੀ ਅਜੇ ਛੇ ਸਾਲ ਦੇ ਹੀ ਸਨ ਕਿ ਇਹਨਾਂ ਦੇ ਮਾਤਾ ਭੀਮਾ ਬਾਈ ਜੀ ਅਕਾਲ ਚਲਾਣਾ ਕਰ ਗਏ।

**ਬਾਬਾ ਸਾਹਿਬ ਭੀਮ ਰਾਓ ਤੋਂ ਅੰਬੇਡਕਰ ਕਿਵੇਂ ਬਣੇ ? :**

ਬਾਬਾ ਸਾਹਿਬ ਦਾ ਪਿਤਾ ਪੁਰਖੀ ਪਿੰਡ ਅੰਬਾਵੜੇ ਸੀ। ਇਸ ਕਰਕੇ ਬਾਬਾ ਸਾਹਿਬ ਆਪਣੇ ਨਾਮ ਪਿਛੇ ਅੰਬਾਵਡੇਕਰ ਲਿਖਦੇ ਸਨ ਪਰ ਬਾਬਾ ਸਾਹਿਬ ਦੇ ਇਕ ਮਾਸਟਰ ਜੋ ਉਹਨਾਂ ਨੂੰ ਬਹੁਤ ਪਿਆਰ ਕਰਦੇ ਸਨ; ਆਪਣੇ ਨਾਮ ਨਾਲ ਅੰਬੇਡਕਰ ਲਿਖਦੇ ਸਨ। ਉਹਨਾਂ ਨੇ ਸਲਾਹ ਦਿੱਤੀ ਕਿ ਭੀਮ ਰਾਓ ਤੇਰਾ ਉਪ-ਨਾਮ ਅੰਬਾਵਡੇਕਰ ਬੋਲਣਾ ਬਹੁਤ ਔਖਾ ਹੈ, ਇਸ ਕਰਕੇ ਤੂੰ ਆਪਣਾ ਨਾਮ ਅੰਬੇਡਕਰ ਰੱਖ ਲੈ, ਉਸ ਸਮੇਂ ਤੋਂ ਹੀ ਬਾਬਾ ਸਾਹਿਬ ਨੇ ਆਪਣਾ ਨਾਮ ਅੰਬਾਵਡੇਕਰ ਤੋਂ ਅੰਬੇਡਕਰ ਰੱਖ ਲਿਆ।

**ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਤੋਂ ਡਾਕਟਰ ਕਿਵੇਂ ਬਣੇ ? :**

ਬਾਬਾ ਸਾਹਿਬ ਨੇ ਨਿਊਯਾਰਕ (ਅਮਰੀਕਾ) ਦੀ ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਦੇ ਸਮੇਂ 1916 ਈ: ਨੂੰ ਇਕ ਥੀਸਿਸ "ਨੈਸ਼ਨਲ ਡਿਵੀਡੈਂਡ ਆਫ ਇੰਡੀਆ" ਲਿਖਿਆ ਜਿਸ 'ਤੇ ਯੂਨੀਵਰਸਿਟੀ ਨੇ ਉਹਨਾਂ ਨੂੰ "ਡਾਕਟਰ ਆਫ ਫਿਲਾਸਫੀ" ਦੀ ਡਿਗਰੀ ਦਿੱਤੀ। ਇਸ ਤਰ੍ਹਾਂ ਉਹ "ਡਾਕਟਰ" ਭੀਮ ਰਾਓ ਅੰਬੇਡਕਰ ਬਣ ਗਏ।

**ਅਪਮਾਨਿਤ ਹੋ ਕੇ ਸਨਮਾਨਿਤ ਕੀਤਾ ਦਲਿਤ ਕੌਮ ਨੂੰ :**

ਬਾਬਾ ਸਾਹਿਬ ਉਸ ਵੇਲੇ ਦੁਨੀਆਂ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਸੱਤ ਮਨੁੱਖਾਂ ਵਿਚੋਂ ਇਕ ਸਨ। ਉਹ ਚਾਹੁੰਦੇ ਤਾਂ ਸਨ ਅੱਜਕੱਲ੍ਹ ਦੇ ਪੜ੍ਹੇ-ਲਿਖੇ, ਅਮੀਰ, ਸਰਕਾਰੀ ਨੌਕਰੀਆਂ ਤੇ ਉੱਚੇ ਅਹੁਦਿਆਂ ਉੱਤੇ ਬਿਰਾਜਮਾਨ ਦਲਿੱਤਾਂ, ਜਿਹੜੇ ਆਪਣੀ ਕੌਮ, ਆਪਣੇ ਦੱਬੇ ਕੁਚਲੇ ਗਰੀਬ ਭਰਾਵਾਂ ਤੋਂ ਬੇਮੁਖ ਹੋ ਕੇ ਐਸ਼ੋ-ਆਰਾਮ ਵਿਚ ਗ਼ਲਤਾਨ ਹੋਏ ਪਏ ਹਨ, ਦੀ ਤਰ੍ਹਾਂ ਦਲਿਤਾਂ ਤੋਂ

ਅਲੱਗ ਹੋ ਕੇ ਸਨਮਾਨਜਨਕ ਜੀਵਨ ਬਤੀਤ ਕਰ ਸਕਦੇ ਸਨ, ਪਰ ਉਹਨਾਂ ਨੇ ਅਜਿਹਾ ਨਹੀਂ ਕੀਤਾ ਤੇ ਮਰਦੇ ਦਮ ਤੱਕ ਅਪਮਾਨਿਤ ਹੋ-ਹੋ ਕੇ ਦਲਿਤਾਂ ਦੇ ਸਨਮਾਨਜਨਕ ਜੀਵਨ ਲਈ ਜੂਝਦੇ ਰਹੇ।

• ਸਕੂਲ ਵਿਚ ਬਾਬਾ ਸਾਹਿਬ ਨੂੰ ਜਮਾਤ ਦੇ ਕਮਰੇ ਤੋਂ ਬਾਹਰ ਬਿਠਾਇਆ ਜਾਂਦਾ ਸੀ ਤੇ ਬਲੈਕ ਬੋਰਡ ਵੱਲ ਤਾਕੀ ਵਿਚ ਦੀ ਦੇਖ ਕੇ ਉਹਨਾਂ ਨੂੰ ਸਵਾਲ ਸਮਝਣੇ ਪੈਂਦੇ ਸਨ। ਉਹਨਾਂ ਨੂੰ ਦੂਸਰਿਆਂ ਵਿਦਿਆਰਥੀਆਂ ਨਾਲ ਖੇਡਣ ਦੀ ਮਨਾਹੀ ਸੀ।

• ਇਕ ਵਾਰ ਦੀ ਗੱਲ ਹੈ ਕਿ ਭੀਮ ਰਾਓ ਸਕੂਲ ਜਾ ਰਿਹਾ ਸੀ। ਰਸਤੇ ਵਿਚ ਜ਼ੋਰ ਦੀ ਬਾਰਿਸ ਸ਼ੁਰੂ ਹੋ ਗਈ। ਬਾਰਿਸ਼ ਤੋਂ ਬਚਣ ਲਈ ਭੀਮ ਨੇ ਇਕ ਮਕਾਨ ਦੀ ਕੰਧ ਦਾ ਸਹਾਰਾ ਲਿਆ। ਮਕਾਨ ਦੀ ਮਾਲਕਣ ਉੱਚ ਜਾਤੀ ਔਰਤ ਨੇ ਭੀਮ ਨੂੰ ਖੜ੍ਹੇ ਦੇਖ ਲਿਆ। ਉਹ ਅੱਗ ਭਬੂਕਾ ਹੋ ਗਈ। ਇਕ ਦਮ ਭੱਜੀ ਆਈ ਤੇ ਭੀਮ ਨੂੰ ਬਾਰਿਸ਼ ਵਿਚ ਧੱਕਾ ਦੇ ਦਿੱਤਾ। ਭੀਮ ਚਿੱਕੜ ਵਿਚ ਡਿੱਗ ਪਿਆ। ਉਹਦੀਆਂ ਸਾਰੀਆਂ ਕਿਤਾਬਾਂ ਪਾਣੀ ਨਾਲ ਭਿੱਜ ਗਈਆਂ।

• ਇਕ ਦਿਨ ਭੀਮ ਨੂੰ ਬੇ-ਤਹਾਸ਼ਾ ਪਿਆਸ ਲੱਗੀ। ਉਹ ਖੂਹ ਤੋਂ ਪਾਣੀ ਪੀਣ ਗਿਆ। ਖੂਹ ਤੋਂ ਪਾਣੀ ਪੀਂਦਿਆਂ ਉਸ ਨੂੰ ਕਿਸੇ ਉੱਚ ਜਾਤੀ ਦੇ ਵਿਅਕਤੀ ਨੇ ਦੇਖ ਲਿਆ ਤੇ ਰੌਲਾ ਪਾ ਦਿੱਤਾ। ਲੋਕ ਇਕੱਠੇ ਹੁੰਦਿਆਂ ਹੀ ਗੜਿਆਂ ਵਾਂਗ ਬਾਲਕ 'ਤੇ ਬਰਸ ਪਏ। ਚਪੇੜਾਂ, ਮੁੱਕਿਆਂ ਅਤੇ ਠੁੱਡਿਆਂ ਨਾਲ ਬਾਲ਼ਕ ਨੂੰ ਬੇਇੱਜ਼ਤ ਕੀਤਾ। ਜ਼ਾਲਮਾਂ ਦੀ ਭੀੜ ਭੀਮ ਨੂੰ ਲਹੂ-ਲੁਹਾਨ ਕਰਨ ਤੱਕ ਕੁੱਟਦੀ ਮਾਰ਼ਦੀ ਰਹੀ।

• ਇਕ ਵਾਰ ਭੀਮ ਰਾਓ ਤੇ ਉਸਦਾ ਭਰਾ ਆਪਣੇ ਪਿਤਾ ਨੂੰ ਮਿਲਣ ਗਏ। ਜਦ ਉਹ ਮੈਸੂਰ ਰੇਲਵੇ ਸਟੇਸ਼ਨ 'ਤੇ ਉਤਰੇ ਤਾਂ ਅੱਗੋਂ ਉਹਨਾਂ ਨੂੰ ਜਾਣ ਲਈ ਬੱਘੀ (ਤਾਂਗਾ) ਚਾਹੀਦੀ ਸੀ, ਜਿਸ ਦਾ ਉਨ੍ਹਾਂ ਨੇ ਪ੍ਰਬੰਧ ਕੀਤਾ। ਬੱਘੀ ਚੱਲ ਪਈ, ਜਿਉਂ ਹੀ ਥੋੜ੍ਹੀ ਦੂਰ ਗਏ ਤਾਂ ਬੱਘੀ ਚਾਲਕ ਨੂੰ ਪਤਾ ਲੱਗ ਗਿਆ ਕਿ ਇਹ ਬੱਚੇ ਅਛੂਤ ਮਹਾਰ ਜਾਤੀ ਦੇ ਹਨ ਤਾਂ ਬੱਘੀ ਚਾਲਕ ਸੜ ਗਿਆ। ਉਸ ਨੇ ਇਕ ਦਮ ਦੋਹਾਂ ਭਰਾਵਾਂ ਨੂੰ ਧੱਕੇ ਦੇ ਕੇ ਥੱਲੇ ਸੁੱਟ ਦਿੱਤਾ ਤੇ ਬੱਘੀ ਵਾਪਸ ਲੈ ਗਿਆ।

• ਐਲਫਿੰਸਟੋਨ ਹਾਈ ਸਕੂਲ ਵਿਚ ਵੀ ਭੀਮ ਰਾਓ ਨਾਲ ਭੈੜਾ ਵਰਤਾਓ ਕੀਤਾ ਗਿਆ। ਉੱਚੀਆਂ ਜਾਤੀਆਂ ਦੇ ਵਿਦਿਆਰਥੀ ਆਪਣੇ ਰੋਟੀ ਵਾਲੇ ਡੱਬੇ ਬਲੈਕ ਬੋਰਡ ਦੇ ਪਿੱਛੇ ਰੱਖਿਆ ਕਰਦੇ ਸਨ। ਇਕ ਦਿਨ ਮਾਸਟਰ ਜੀ ਨੇ ਭੀਮ ਰਾਓ ਨੂੰ ਬੋਰਡ 'ਤੇ ਬੁਲਾਇਆ। ਭੀਮ ਰਾਓ ਅਜੇ ਬੋਰਡ ਵੱਲ ਤੁਰੇ ਹੀ ਸਨ ਕਿ ਵਿਦਿਆਰਥੀਆਂ ਨੇ ਰੌਲਾ ਪਾ ਦਿੱਤਾ। "ਠਹਿਰ ਜਾਓ! ਸਾਨੂੰ ਰੋਟੀ ਦੇ ਡੱਬੇ ਚੁੱਕ ਲੈਣ ਦਿਓ।" ਜਦ ਤੱਕ ਵਿਦਿਆਰਥੀਆਂ ਰੋਟੀ ਵਾਲੇ ਡੱਬੇ ਚੁੱਕ ਨਾ ਲਏ, ਭੀਮ ਰਾਓ ਨੂੰ ਬੋਰਡ 'ਤੇ ਨਹੀਂ ਜਾਣ ਦਿੱਤਾ ਗਿਆ।

• ਇਕ ਦਿਨ ਇਕ ਬ੍ਰਾਹਮਣ ਮਾਸਟਰ ਭੀਮ ਰਾਓ ਨੂੰ ਚਿੜਾ ਕੇ ਕਹਿਣ ਲੱਗੇ, "ਅਰੇ ਤੂ ਤੋ ਮਹਾਰ ਕਾ ਬੇਟਾ ਹੈ, ਤੂ ਪੜ੍ਹ-ਲਿਖ ਕਰ ਕਿਆ ਕਰੇਗਾ।" ਭੀਮ ਰਾਓ ਇਹ ਅਪਮਾਨ ਬਰਦਾਸ਼ਤ ਨਾ ਕਰ ਸਕੇ ਤੇ ਉਹ ਬੱਬਰ ਸ਼ੇਰ ਦੀ ਤਰ੍ਹਾਂ ਮਾਸਟਰ 'ਤੇ ਗਰਜ ਪਏ, "ਸਰ ਪੜ੍ਹ ਲਿਖ ਕੇ ਮੈਂ ਕੀ ਕਰਾਂਗਾ, ਇਹ ਪੁੱਛਣਾ ਆਪ ਦਾ ਕੰਮ ਨਹੀਂ ਹੈ। ਜੇਕਰ ਫੇਰ ਕਦੀ ਤੁਸੀਂ ਮੇਰੀ ਜਾਤੀ ਦਾ ਉਲੇਖ ਕਰਕੇ ਮੈਨੂੰ ਚਿੜਾਇਆ ਤਾਂ ਮੈਂ ਕਹਿ ਦਿੰਦਾ ਹਾਂ ਕਿ ਇਸ ਦਾ ਨਤੀਜਾ ਚੰਗਾ ਨਹੀਂ ਹੋਵੇਗਾ।"

• ਇਸੇ ਸਕੂਲ ਵਿਚ ਭੀਮ ਰਾਓ ਨੂੰ ਇਕ ਹੋਰ ਸੱਟ ਵੱਜੀ, ਜੋ ਉਨ੍ਹਾਂ ਨੂੰ ਸਾਰਾ ਜੀਵਨ

ਨਾ ਭੁੱਲ ਸਕੀ। ਭੀਮ ਰਾਓ ਸੰਸਕ੍ਰਿਤ ਪੜ੍ਹਨਾ ਚਾਹੁੰਦੇ ਸਨ ਪਰ ਸਕੂਲ ਦੇ ਮਾਸਟਰਾਂ ਨੇ ਉਨ੍ਹਾਂ ਨੂੰ ਸੰਸਕ੍ਰਿਤ ਪੜ੍ਹਨ ਦੀ ਇਜਾਜ਼ਤ ਨਾ ਦਿੱਤੀ। ਇਸ ਪ੍ਰਤੀ ਡਾ: ਅੰਬੇਡਕਰ ਕਹਿੰਦੇ ਹਨ—ਮੈਨੂੰ ਸੰਸਕ੍ਰਿਤ ਭਾਸ਼ਾ 'ਤੇ ਬਹੁਤ ਮਾਣ ਹੈ। ਮੈਂ ਚਾਹੁੰਦਾ ਸੀ ਕਿ ਸੰਸਕ੍ਰਿਤ ਦਾ ਵਿਦਵਾਨ ਬਣਾਂ ਪਰ ਬ੍ਰਾਹਮਣ ਮਾਸਟਰ ਦੇ ਸੌੜੇ ਵਿਚਾਰ ਕਰਕੇ ਮੈਂ ਸੰਸਕ੍ਰਿਤ ਤੋਂ ਸੱਖਣਾ ਰਹਿ ਗਿਆ।

- ਇਕ ਵਾਰ ਚਾਲੀਸ ਗਾਉਂ ਦੇ ਲੋਕਾਂ ਨੇ ਡਾ: ਅੰਬੇਡਕਰ ਦਾ ਸਵਾਗਤ ਕਰਨ ਦਾ ਫੈਸਲਾ ਕੀਤਾ। ਸ਼ਰਧਾਲੂ ਉਹਨਾਂ ਨੂੰ ਬੱਘੀ ਵਿਚ ਬਿਠਾ ਕੇ ਆਪਣੇ ਮੁਹੱਲੇ ਤੱਕ ਲਿਜਾਣਾ ਚਾਹੁੰਦੇ ਸਨ ਪਰ ਬੱਘੀ ਵਾਲੇ ਨੇ ਅਛੂਤ ਡਾ: ਅੰਬੇਡਕਰ ਲਈ ਬੱਘੀ ਦੇਣ ਤੋਂ ਨਾਂਹ ਕਰ ਦਿੱਤੀ। ਅਖੀਰ ਵਿਚਕਾਰਲਾ ਰਾਹ ਇਹ ਕੱਢਿਆ ਗਿਆ ਕਿ ਬੱਘੀ ਲੈ ਜਾਉ ਪਰ ਕੋਚਵਾਲੀ ਅਛੂਤ ਹੀ ਕਰੇਗਾ। ਡਾ: ਅੰਬੇਡਕਰ ਬੱਘੀ ਵਿਚ ਸਵਾਰ ਹੋਏ। ਇਕ ਅਛੂਤ ਬੱਘੀ ਚਲਾਉਣ ਲੱਗਾ। ਕੋਚਵਾਨ ਅਨਾੜੀ ਹੋਣ ਕਰਕੇ ਘੋੜਾ ਵਿਗੜ ਗਿਆ ਅਤੇ ਡਾ: ਅੰਬੇਡਕਰ ਪੱਕੀ ਸੜਕ 'ਤੇ ਆ ਡਿੱਗੇ। ਉਹ ਸਖ਼ਤ ਜ਼ਖਮੀ ਹੋ ਗਏ ਤੇ ਉਨ੍ਹਾਂ ਦੇ ਪੈਰ ਦੀ ਹੱਡੀ ਟੁੱਟ ਗਈ।

- ਬੜੋਦਾ ਦੇ ਮਹਾਰਾਜਾ ਵਲੋਂ ਦਿੱਤੇ ਵਜ਼ੀਫੇ 'ਤੇ ਬਾਬਾ ਸਾਹਿਬ ਅਮਰੀਕਾ ਪੜ੍ਹਨ ਚਲੇ ਗਏ ਤੇ ਇਹ ਇਕਰਾਰਨਾਮਾ ਕਰਕੇ ਕਿ ਉਹ ਪੜ੍ਹਾਈ ਪੂਰੀ ਕਰਕੇ ਆਉਣ ਤੋਂ ਬਾਅਦ, ਪਹਿਲਾਂ ਦਸ ਸਾਲ ਬੜੋਦਾ ਰਿਆਸਤ ਵਿਚ ਸੇਵਾ ਕਰੇਗਾ। ਪੜ੍ਹ ਕੇ ਆਉਣ ਤੋਂ ਬਾਅਦ ਡਾ: ਅੰਬੇਡਕਰ ਜੀ ਨੂੰ ਮਹਾਰਾਜਾ ਦਾ ਮਿਲਟਰੀ ਸਕੱਤਰ ਨਿਯੁਕਤ ਕੀਤਾ ਗਿਆ। ਡਾ: ਅੰਬੇਡਕਰ ਸਤੰਬਰ 1917 ਈ: ਵਿਚ ਬੜੋਦਾ ਨੂੰ ਚੱਲ ਪਏ। ਮਹਾਰਾਜਾ ਬੜੋਦਾ ਨੇ ਹੁਕਮ ਜਾਰੀ ਕੀਤਾ ਕਿ ਰੇਲਵੇ ਸਟੇਸ਼ਨ 'ਤੇ ਡਾ: ਅੰਬੇਡਕਰ ਦਾ ਪੁਰਜ਼ੋਰ ਸੁਆਗਤ ਕੀਤਾ ਜਾਵੇ ਪਰ ਇਕ ਮਹਾਰ ਦਾ ਸੁਆਗਤ ਕੌਣ ਕਰੇ ? ਇਸ ਲਈ ਉਨ੍ਹਾਂ ਨੂੰ ਸੱਦਣ ਪੁਛਣ ਵਾਲਾ ਕੋਈ ਵੀ ਸਟੇਸ਼ਨ 'ਤੇ ਨਹੀਂ ਸੀ. ਸਗੋਂ ਇਹ ਖ਼ਬਰ ਕਿ ਇਕ ਮਹਾਰ ਬੜੋਦਾ ਪੁੱਜ ਰਿਹਾ ਹੈ, ਸਾਰੇ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ।

ਬੜੋਦਾ ਵਿਖੇ ਕੋਈ ਵੀ ਡਾ: ਅੰਬੇਡਕਰ ਨੂੰ ਰਹਿਣ ਵਾਸਤੇ ਜਗ੍ਹਾ ਨਹੀਂ ਸੀ ਦੇ ਰਿਹਾ। ਅੰਤ ਵਿਚ ਡਾ: ਅੰਬੇਡਕਰ ਇਕ ਪਾਰਸੀ ਹੋਟਲ ਵਿਚ ਬਨਾਵਟੀ ਪਾਰਸੀ ਏਦਲ ਜੀ ਸੋਹਰਾਬ ਜੀ ਦਾ ਨਾਮ ਧਾਰਨ ਕਰਕੇ ਜਹਾਂਗੀਰ ਜੀ ਹੋਟਲਬਲਾ ਵਿਚ ਰਹਿਣ ਲੱਗੇ ਪਰੰਤੂ ਇਹ ਬਨਾਵਟੀਪਨ ਡਾ: ਸਾਹਿਬ ਨੂੰ ਉੱਕਾ ਹੀ ਪਸੰਦ ਨਹੀਂ ਸੀ। ਜਦੋਂ ਬਾਬਾ ਸਾਹਿਬ ਸੈਕਟਰੀਏਟ ਵਿਚ ਇਕ ਆਹਲਾ ਅਫ਼ਸਰ ਬਣ ਕੇ ਗਏ ਤਾਂ ਉੱਚ ਜਾਤੀਆਂ ਨੂੰ ਬੜਾ ਦੁੱਖ ਅਤੇ ਹੈਰਾਨੀ ਹੋਈ ਕਿਉਂਕਿ ਇਹ ਗੱਲ ਉਨ੍ਹਾਂ ਦੀ ਸਦੀਆਂ ਦੀ ਸੋਚ ਤੇ ਤਜਰਬੇ ਦੇ ਉਲਟ ਸੀ। ਨਫ਼ਰਤ ਅਤੇ ਤੰਗ-ਦਿਲੀ ਦੇ ਸ਼ਿਕਾਰ ਅਖੌਤੀ ਉੱਚ ਜਾਤੀ ਚਪੜਾਸੀ ਕਾਗਜ਼ ਪੱਤਰ ਅਤੇ ਫਾਈਲਾਂ ਦੂਰੋਂ ਹੀ ਉਨ੍ਹਾਂ ਦੀ ਮੇਜ਼ 'ਤੇ ਸੁੱਟ ਦਿੰਦੇ ਸਨ, ਜਿਵੇਂ ਮੇਜ਼ ਨਾਲ ਛੂਹ ਹੋ ਜਾਣ 'ਤੇ ਕੋਈ ਕਰੰਟ ਲੱਗ ਜਾਣਾ ਹੋਵੇ।

ਸੈਕਟਰੀਏਟ ਦੇ ਅਫ਼ਸਰਾਂ ਦੀ ਇਕ ਕਲੱਬ ਸੀ ਪਰ ਡਾ: ਅੰਬੇਡਕਰ ਇਸ ਦੀਆਂ ਗਤੀਵਿਧੀਆਂ ਵਿਚ ਸ਼ਰੀਕ ਨਹੀਂ ਹੋ ਸਕਦੇ ਸਨ। ਉਨ੍ਹਾਂ ਦੀਆਂ ਡਿਗਰੀਆਂ, ਉਨ੍ਹਾਂ ਦੀ ਪੁਜ਼ੀਸ਼ਨ, ਉਨ੍ਹਾਂ ਦੀ ਲਿਆਕਤ, ਉਨ੍ਹਾਂ ਪ੍ਰਤੀ ਨਫ਼ਰਤ ਨੂੰ ਘੱਟ ਕਰਨ ਵਿਚ ਰਤੀ ਸਹਾਈ ਨਾ ਹੋਈ। ਇਸ ਹਾਲਤ ਵਿਚ ਉਹ ਬੜੋਦਾ ਦੀ ਸੈਂਟਰਲ ਲਾਇਬ੍ਰੇਰੀ ਵਿਚ ਜਾ ਕੇ ਕਿਤਾਬਾਂ ਵਿਚ ਗੁੰਮ ਹੋ ਜਾਂਦੇ।

ਆਖ਼ਰ ਪਾਰਸੀਆਂ ਨੂੰ ਪਤਾ ਲੱਗ ਹੀ ਗਿਆ ਕਿ ਇਕ ਅਛੂਤ ਬਨਾਵਟੀ ਪਾਰਸੀ ਬਣ

ਕੇ ਉਹਨਾਂ ਦੇ ਹੋਟਲ ਵਿਚ ਰਹਿ ਰਿਹਾ ਹੈ। ਫਿਰ ਕੀ ਹੋਇਆ, ਡਾ: ਅੰਬੇਡਕਰ ਖੁਦ ਹੀ ਲਿਖਦੇ ਹਨ–'ਮੈਂ ਭੋਜਨ ਆਦਿ ਤੋਂ ਵਿਹਲਾ ਹੋ ਕੇ ਦਫ਼ਤਰ ਜਾਣ ਲਈ ਹੋਟਲ ਤੋਂ ਬਾਹਰ ਨਿਕਲਿਆ ਹੀ ਸੀ ਕਿ ਪੰਦਰਾਂ ਵੀਹ ਪਾਰਸੀ ਹੱਥਾਂ ਵਿਚ ਲਾਠੀਆਂ ਲਈ ਆ ਗਏ ਅਤੇ ਹੋਟਲ ਵਿਚੋਂ ਫੌਰਨ ਨਿਕਲ ਜਾਣ ਲਈ ਮੈਨੂੰ ਹੁਕਮ ਦਿੱਤਾ। ਮੈਂ ਅੱਠ ਘੰਟੇ ਦੀ ਮੋਹਲਤ ਮੰਗੀ ਜੋ ਮਿਲ ਗਈ। ਮੈਂ ਦਿਨ ਭਰ ਰਿਹਾਇਸ਼ ਲਈ ਜਗ੍ਹਾ ਲੱਭਦਾ ਰਿਹਾ, ਕਈ ਜਾਣਕਾਰਾਂ ਨੂੰ ਮਿਲਿਆ ਪਰ ਮੈਨੂੰ ਰੱਖਣ ਲਈ ਕੋਈ ਤਿਆਰ ਨਾ ਹੋਇਆ। ਆਖ਼ਰ ਮੈਂ ਇਕ ਜਗ੍ਹਾ ਦਰਖ਼ਤ ਹੇਠਾਂ ਬੈਠ ਗਿਆ, ਮੇਰਾ ਮਨ ਭਰ ਆਇਆ ਅਤੇ ਅੱਖਾਂ ਵਿਚੋਂ ਹੰਝੂ ਵਗਣ ਲੱਗੇ।'

ਇਸ ਬੇਪਤੀ ਤੋਂ ਬਾਅਦ ਡਾ: ਅੰਬੇਡਕਰ ਨੇ ਇਹ ਪ੍ਰਤਿਗਿਆ ਕੀਤੀ ਕਿ "ਮੈਂ ਹਿੰਦੂ ਸਮਾਜ ਦੇ ਅਨਿਆਂ ਅਤੇ ਅੱਤਿਆਚਾਰ ਦਾ ਮੁਕਾਬਲਾ ਕਰ ਕੇ ਛੂਤ-ਛਾਤ ਨੂੰ ਖ਼ਤਮ ਕਰਾਂਗਾ। ਜਦ ਮੇਰੇ ਵਰਗੇ ਉੱਚ ਸਿਖਿਆ ਪ੍ਰਾਪਤ ਵਿਅਕਤੀ ਦੀ ਅਛੂਤ ਹੋਣ ਕਰਕੇ ਇਹ ਦੁਰਦਸ਼ਾ ਕੀਤੀ ਜਾਂਦੀ ਹੈ ਤਾਂ ਇਕ ਆਮ ਅਨਪੜ੍ਹ ਅਛੂਤ ਦਾ ਕੀ ਹਾਲ ਹੁੰਦਾ ਹੋਵੇਗਾ। ਆਖ਼ਰ ਡਾ: ਅੰਬੇਡਕਰ ਨੇ ਇਹ ਕਸਮ ਖਾਧੀ ਕਿ, "ਗ਼ੁਲਾਮੀ, ਦਾਸਤਾ ਅਤੇ ਅਮਾਨਵੀ ਸ਼ੋਸ਼ਣ ਵਿਵਸਥਾ ਵਿਚ ਪੀੜੇ ਜਾ ਰਹੇ ਸਮਾਜ, ਜਿਸ ਵਿਚ ਮੈਂ ਜਨਮ ਲਿਆ, ਜੇਕਰ ਮੈਂ ਉਨ੍ਹਾਂ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਵਿਚ ਸਫਲ ਨਾ ਹੋਇਆ ਤਾਂ ਮੈਂ ਪਿਸਤੌਲ ਦੀ ਗੋਲੀ ਨਾਲ ਆਪਣਾ ਜੀਵਨ ਖ਼ਤਮ ਕਰ ਲਵਾਂਗਾ।"

**ਹਰੀਜਨ ਸ਼ਬਦ** : 19 ਜੁਲਾਈ 1937 ਨੂੰ ਕਾਂਗਰਸ ਦਾ ਮੰਤਰੀ ਮੰਡਲ ਬਣਿਆ। ਇਕ ਸਰਕਾਰੀ ਬਿੱਲ ਵਿਚ ਦਲਿਤਾਂ ਲਈ 'ਹਰੀਜਨ' ਸ਼ਬਦ ਵਰਤੇ ਜਾਣ ਦੀ ਸਿਫ਼ਾਰਸ਼ ਕੀਤੀ ਗਈ। ਇਸ ਦਾ ਵਿਰੋਧ ਨਾਸਿਕ ਦੇ ਦਲਿਤ ਨੇਤਾ ਦਾਦਾ ਸਾਹਿਬ ਗਾਇਕਵਾੜ ਅਤੇ ਡਾ: ਅੰਬੇਡਕਰ ਨੇ ਕੀਤਾ। ਅਛੂਤਾਂ ਦਾ ਬਹੁਮਤ "ਹਰੀਜਨ" ਸ਼ਬਦ ਦੇ ਖਿਲਾਫ ਸੀ। ਫਿਰ ਵੀ ਅਖੌਤੀ ਉੱਚ ਜਾਤੀ ਹਿੰਦੂ ਮੈਂਬਰਾਂ ਨੇ ਆਪਣੇ ਬਹੁਮਤ ਦੇ ਆਧਾਰ 'ਤੇ 'ਹਰੀਜਨ' ਸ਼ਬਦ ਦਲਿਤਾਂ ਦੇ ਸਿਰ ਮੜ੍ਹ ਦਿੱਤਾ। ਡਾ: ਅੰਬੇਡਕਰ ਨੇ ਕਿਹਾ ਕਿ 'ਹਰੀਜਨ' ਲਫ਼ਜ਼ ਵਿਚੋਂ ਪਾਖੰਡ ਦੀ ਬੋਅ ਆਉਂਦੀ ਹੈ। ਇਸ ਮੌਕੇ ਡਾ: ਅੰਬੇਡਕਰ ਦਾ ਦਲ ਵਿਰੋਧ ਪ੍ਰਗਟ ਕਰਨ ਲਈ ਹਾਲ 'ਚੋਂ ਬਾਹਰ ਚਲਾ ਗਿਆ।

ਡਾ: ਅੰਬੇਡਕਰ ਜੀ ਨੇ ਕਿਹਾ :

- ਤੁਹਾਡੇ ਚਿਹਰਿਆਂ ਦੀ ਤਰਸਯੋਗ ਹਾਲਤ ਦੇਖ ਕੇ ਅਤੇ ਤੁਹਾਡੀਆਂ ਉਦਾਸੀਆਂ ਆਵਾਜ਼ਾਂ ਸੁਣ ਕੇ ਮੇਰਾ ਸੀਨਾ ਫਟ ਜਾਂਦਾ ਹੈ। ਕਿੰਨੇ ਚਿਰ ਤੋਂ ਤੁਸੀਂ ਜ਼ੁਲਮ ਦੀ ਚੱਕੀ ਵਿਚ ਪਿਸ ਰਹੇ ਹੋ। ਫਿਰ ਵੀ ਤੁਹਾਨੂੰ ਬੇਹਿੰਮਤੀ, ਬੇਭਰੋਸਗੀ ਛੱਡਣ ਦਾ ਖਿਆਲ ਨਹੀਂ ਆਉਂਦਾ।
- ਜੇ ਤੁਸੀਂ ਜਾਤ-ਪਾਤ ਸਿਸਟਮ ਵਿਚ ਸੰਨ੍ਹ ਲਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਹਨਾਂ ਵੇਦਾਂ ਅਤੇ ਸ਼ਾਸਤਰਾਂ ਨੂੰ ਗੋਲੇ ਨਾਲ ਉਡਾ ਦੇਣਾ ਹੋਵੇਗਾ ਜੋ ਦਲੀਲ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ। ਉਹਨਾਂ ਵੇਦਾਂ ਅਤੇ ਸ਼ਾਸਤਰਾਂ ਨੂੰ ਗੋਲੇ ਨਾਲ ਉਡਾ ਦੇਣਾ ਹੋਵੇਗਾ ਜੋ ਸਦਾਚਾਰ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ। ਤੁਹਾਨੂੰ ਸੁਰਤੀਆਂ ਅਤੇ ਸਿਮਰਤੀਆਂ ਦਾ ਧਰਮ ਤਬਾਹ ਕਰਨਾ ਪਏਗਾ। ਕੋਈ ਵੀ ਹੋਰ ਗੱਲ ਵਿਅਰਥ ਹੋਵੇਗੀ। ਇਸ ਮਾਮਲੇ ਵਿਚ ਮੇਰਾ ਇਹ ਚੰਗੀ ਤਰ੍ਹਾਂ ਸੋਚਿਆ ਹੋਇਆ ਦ੍ਰਿਸ਼ਟੀਕੋਣ ਹੈ।
- ਆਪ ਕਿਸੇ ਪਾਸੇ ਵੀ ਮੂੰਹ ਘੁਮਾ ਕੇ ਵੇਖ ਲਉ, ਜਾਤ ਪਾਤ ਦਾ ਇਕ ਅਜਿਹਾ ਭੂਤ ਹੈ ਜੋ ਹਰ ਪਾਸੇ ਤੁਹਾਡੀ ਤਰੱਕੀ ਦਾ ਰਾਹ ਰੋਕੀ ਬੈਠਾ ਹੈ। ਜਦ ਤੱਕ ਇਸ ਭੂਤ ਦਾ ਖ਼ਾਤਮਾ

ਨਹੀਂ ਹੁੰਦਾ ਤਦ ਤੱਕ ਆਪ ਰਾਜਨੀਤਕ, ਸਮਾਜਿਕ ਤੇ ਆਰਥਿਕ ਸੁਧਾਰ ਨਹੀਂ ਕਰ ਸਕਦੇ।

• ਦੁਨੀਆ ਦੇ ਦੂਜੇ ਦੇਸ਼ਾਂ ਵਿਚ ਸਮਾਜੀ ਇਨਕਲਾਬ ਆਏ। ਇਸ ਪ੍ਰਸ਼ਨ ਨੇ ਮੈਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਹੈ ਕਿ ਹਿੰਦੁਸਤਾਨ ਵਿਚ ਸਮਾਜੀ ਇਨਕਲਾਬ ਕਿਉਂ ਨਹੀਂ ਆਏ? ਕੇਵਲ ਇਕ ਹੀ ਉੱਤਰ ਜੋ ਮੈਂ ਦੇ ਸਕਦਾ ਹਾਂ ਅਤੇ ਉਹ ਇਹ ਹੈ ਕਿ ਚਤੁਰ ਵਰਣ ਦੇ ਇਸ ਮਨਹੂਸ ਸਿਸਟਮ ਕਾਰਨ ਹਿੰਦੂਆਂ ਦੀਆਂ ਹੇਠਲੀਆਂ ਸ਼੍ਰੇਣੀਆਂ ਹਿੰਸਕ ਕਾਰਵਾਈ ਦੇ ਮੁਕੰਮਲ ਅਯੋਗ ਬਣਾ ਦਿੱਤੀਆਂ ਗਈਆਂ। ਉਹ ਹਥਿਆਰ ਨਹੀਂ ਰੱਖ ਸਕਦੇ ਅਤੇ ਬਿਨਾਂ ਹਥਿਆਰਾਂ ਦੇ ਬਗ਼ਾਵਤ ਨਹੀਂ ਹੋ ਸਕਦੀ। ਉਹ ਸਾਰੇ ਹੀ ਹਲ ਚਲਾਉਣ ਵਾਲੇ ਅਤੇ ਜਾਂ ਇੰਝ ਕਹੋ ਕਿ ਹਲ ਚਲਾਉਣ ਵਾਲੇ ਬਣਨ ਲਈ ਬੇਵੱਸ ਲੋਕ ਸਨ ਜਿਨ੍ਹਾਂ ਨੂੰ ਆਪਣੇ ਹਲਾਂ ਦੇ ਫਾਲਿਆਂ ਨੂੰ ਤਲਵਾਰਾਂ ਵਿਚ ਬਦਲਣ ਦਾ ਸਮਾਂ ਨਹੀਂ ਦਿੱਤਾ ਗਿਆ। ਉਹਨਾਂ ਦੇ ਕੋਲ ਸੰਗੀਨਾਂ ਨਹੀਂ ਹਨ। ਇਸ ਲਈ ਹਰ ਕੋਈ ਜੋ ਚਾਹੁੰਦਾ ਸੀ, ਉਹਨਾਂ ਉੱਤੇ ਬੈਠ ਸਕਦਾ ਸੀ, ਅਤੇ ਬੈਠਿਆ। ਚਤੁਰ ਵਰਣ ਦੇ ਕਾਰਨ ਉਹ ਕੋਈ ਵਿਦਿਆ ਗ੍ਰਹਿਣ ਨਹੀਂ ਕਰ ਸਕਦੇ ਸਨ ਅਤੇ ਬਚ ਨਿਕਲਣ ਦਾ ਰਾਹ ਨਾ ਮਿਲਣ ਕਰਕੇ ਅਤੇ ਬਚ ਨਿਕਲਣ ਦੇ ਸਾਧਨ ਨਾ ਹੋਣ ਕਾਰਨ ਉਨ੍ਹਾਂ ਨੇ ਸਦੀਵੀ ਗ਼ੁਲਾਮੀ ਨਾਲ ਸਮਝੌਤਾ ਕਰ ਲਿਆ ਅਤੇ ਇਸ ਸਦੀਵੀ ਗ਼ੁਲਾਮੀ ਨੂੰ ਉਹਨਾਂ ਨੇ ਆਪਣੀ ਅਜਿਹੀ ਕਿਸਮਤ ਮੰਨ ਲਿਆ ਜਿਸ ਤੋਂ ਛੁਟਕਾਰਾ ਨਾ ਹੋਵੇ।

• ਕਿਸਮਤ ਦੀ ਭਾਵਨਾ ਨੇ ਤੁਹਾਨੂੰ ਪੰਗੂ ਅਤੇ ਨਿਰਾਸ਼ਾਵਾਦੀ ਬਣਾ ਦਿੱਤਾ ਹੈ। ਹੱਥ ਤੇ ਹੱਥ ਧਰ ਕੇ ਬੈਠੇ ਰਹਿਣ ਨਾਲ ਕੁਝ ਨਹੀਂ ਹੋਣਾ। ਇਸ ਲਈ ਕਿਸਮਤ ਦਾ ਚੱਕਰ ਛੱਡ ਕੇ ਹਿੰਮਤ ਕਰੋ। ਤੁਹਾਡਾ ਅਪਮਾਨ ਤੇ ਇਹ ਦੁਰਦਸ਼ਾ ਤੁਹਾਡੀ ਕਿਸਮਤ ਕਰਕੇ ਨਹੀਂ ਬਲਕਿ ਉੱਚ ਜਾਤੀਆਂ ਦੇ ਛਲ-ਕਪਟ ਕਰਕੇ ਹੈ। ਇਸ ਲਈ ਕਿਸਮਤ 'ਤੇ ਭਰੋਸਾ ਮੱਤ ਕਰੋ, ਆਪਣੀ ਸ਼ਕਤੀ ਵਿਚ ਵਿਸ਼ਵਾਸ ਰੱਖੋ।

• ਡਾ: ਅੰਬੇਡਕਰ ਨੇ ਔਰਤਾਂ ਦੇ ਵਿਸ਼ੇਸ਼ ਅਧਿਕਾਰਾਂ ਲਈ ਕੇਂਦਰੀ ਵਿਧਾਨ ਮੰਡਲ ਵਿਚ 5 ਫਰਵਰੀ 1951 ਈ: ਨੂੰ ਹਿੰਦੂ ਕੋਡ ਬਿੱਲ ਪੇਸ਼ ਕੀਤਾ ਪਰ ਜਦੋਂ ਰੂੜੀਵਾਦੀ ਮੰਤਰੀਆਂ ਨੇ ਇਹ ਬਿੱਲ ਪਾਸ ਨਾ ਹੋਣ ਦਿੱਤਾ ਤਾਂ ਡਾ: ਅੰਬੇਡਕਰ ਨੇ ਆਪਣੇ ਮੰਤਰੀ ਪਦ ਤੋਂ ਅਸਤੀਫਾ ਦੇ ਦਿੱਤਾ ਤੇ ਕਿਹਾ, "ਜਦ ਤੱਕ ਔਰਤ ਨੂੰ ਨੰਬਰ ਦੋ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ ਅਤੇ ਉਸ ਨੂੰ ਮਰਦਾਂ ਦੇ ਬਰਾਬਰ ਨਹੀਂ ਆਉਣ ਦਿੱਤਾ ਜਾਵੇਗਾ ਤਦ ਤੱਕ ਦੇਸ਼ ਦਾ ਅੱਧਾ ਭਾਗ ਗ਼ੁਲਾਮ ਹੀ ਬਣਿਆ ਰਹੇਗਾ ਪਰ ਬਾਅਦ ਵਿਚ ਥੋੜ੍ਹਾ-ਥੋੜ੍ਹਾ ਕਰਕੇ ਇਹ ਬਿੱਲ ਪਾਸ ਕਰ ਦਿੱਤਾ ਗਿਆ।

• ਸਾਡੇ ਲੜਕਿਆਂ ਨੂੰ ਦੋ ਗੱਲਾਂ ਜ਼ਰੂਰ ਸਿੱਖਣੀਆਂ ਚਾਹੀਦੀਆਂ ਹਨ। ਪਹਿਲੀ ਗੱਲ ਤਾਂ ਇਹ ਕਿ ਉਹਨਾਂ ਸਾਬਤ ਕਰਨਾ ਹੈ ਕਿ ਉਹ ਸਿੱਖਿਆ, ਬੁੱਧੀ ਤੇ ਯੋਗਤਾ ਵਿਚ ਦੂਸਰਿਆਂ ਦੇ ਮੁਕਾਬਲੇ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਹਨ। ਦੂਸਰੀ ਗੱਲ ਇਹ ਕਿ ਉਨ੍ਹਾਂ ਦੇ ਉਦੇਸ਼ ਸਿਰਫ਼ ਆਪਣੇ ਲਈ ਐਸ਼ੋ-ਆਰਾਮ ਦੀ ਜ਼ਿੰਦਗੀ ਬਤੀਤ ਕਰਨਾ ਨਹੀਂ ਬਲਕਿ ਆਪਣੀ ਜਾਤ ਦਾ ਨੇਤ੍ਰਿਤਵ (ਅਗਵਾਈ) ਵੀ ਕਰਨਾ ਹੈ ਤਾਂ ਕਿ ਉਹ ਆਜ਼ਾਦ ਹੋ ਸਕੇ ਅਤੇ ਸੰਪੂਰਨ ਸਨਮਾਨਿਤ ਜ਼ਿੰਦਗੀ ਗੁਜ਼ਾਰ ਸਕੇ।

• ਮੇਰੀ ਵਿਦਿਆਰਥੀਆਂ ਨੂੰ ਸਲਾਹ ਹੈ ਕਿ ਉਹ ਸਿੱਖਿਆ ਮੁਕੰਮਲ ਕਰਨ ਤੋਂ ਬਾਅਦ ਇਕ ਕਲਰਕ ਬਣਨ ਦੇ ਨਾਲ-ਨਾਲ ਆਪਣੇ ਪਿੰਡ ਦੇ ਲੋਕਾਂ ਦੀ ਸੇਵਾ ਵੀ ਕਰਨ। ਇਸ ਤਰ੍ਹਾਂ ਗਿਆਨ ਤੋਂ ਉਪਜੀ ਬੇਇਨਸਾਫੀ ਤੇ ਲੁੱਟ-ਖਸੁੱਟ ਨੂੰ ਰੋਕਿਆ ਜਾ ਸਕਦਾ ਹੈ। ਤੁਹਾਡਾ

ਉਥਾਨ ਤੁਹਾਡੇ ਸਮਾਜ ਦੇ ਉਥਾਨ ਵਿਚ ਹੈ।

• ਤੁਸੀਂ ਉਸ ਮਜ਼੍ਹਬ (ਧਰਮ) ਵਿਚ ਕਿਉਂ ਜਕੜੇ ਰਹਿਣਾ ਚਾਹੁੰਦੇ ਹੋ ਜੋ ਤੁਹਾਨੂੰ ਇਨਸਾਨੀ ਤੌਰ 'ਤੇ ਮਾਨਤਾ ਨਹੀਂ ਦਿੰਦਾ, ਜੋ ਤੁਹਾਨੂੰ ਵਿਦਿਆ ਪ੍ਰਾਪਤੀ ਨਹੀਂ ਦਿੰਦਾ, ਜੋ ਤੁਹਾਨੂੰ ਧਾਰਮਿਕ ਅਸਥਾਨਾਂ 'ਤੇ ਜਾਣ ਨਹੀਂ ਦਿੰਦਾ, ਜੋ ਤੁਹਾਨੂੰ ਆਮ ਖੂਹਾਂ ਤੋਂ ਪਾਣੀ ਪੀਣ ਨਹੀਂ ਦਿੰਦਾ, ਜੋ ਤੁਹਾਨੂੰ ਅਪਮਾਨਿਤ ਪੇਸ਼ੇ ਤਿਆਗਣ ਨਹੀਂ ਦਿੰਦਾ...। ਉਹ ਧਰਮ ਨਹੀਂ ਇਕ ਕਲੰਕ ਹੈ, ਉਹ ਧਰਮ ਨਹੀਂ ਇਕ ਸਾਜ਼ਿਸ਼ ਹੈ, ਉਹ ਧਰਮ ਨਹੀਂ ਇਕ ਬਦ-ਦੁਆ ਹੈ, ਉਹ ਧਰਮ ਨਹੀਂ ਇਕ ਧੋਖਾ ਹੈ, ਉਹ ਧਰਮ ਨਹੀਂ ਇਕ ਅਪਮਾਨ ਹੈ, ਉਹ ਧਰਮ ਨਹੀਂ ਇਕ ਗ਼ੁਲਾਮੀ ਹੈ।

• ਮੈਂ ਹਿੰਦੂ ਪੈਦਾ ਹੋਇਆ ਹਾਂ ਇਹ ਮੇਰੇ ਵੱਸ ਵਿਚ ਨਹੀਂ ਸੀ, ਪਰ ਮੈਂ ਬਤੌਰ ਹਿੰਦੂ ਮਰਾਂਗਾ ਨਹੀਂ, ਇਹ ਮੇਰੇ ਵੱਸ ਵਿਚ ਹੈ।

• ਦਲਿਤੋ! ਤੁਸੀਂ ਜੋ ਕੁਝ ਹੁਣ ਤੱਕ ਗਵਾਇਆ ਹੈ, ਦੂਜਿਆਂ ਉਹੀ ਸਭ ਕੁਝ ਪਾਇਆ ਹੈ। ਤੁਹਾਡੀ ਨਿਰਾਦਰੀ, ਦੂਜਿਆਂ ਦਾ ਮਾਣ ਹੈ। ਤੁਹਾਡੀਆਂ ਤੰਗੀਆਂ, ਤੁਰਸ਼ੀਆਂ, ਕੰਗਾਲੀ, ਪਿਛਲੇ ਜਨਮਾਂ ਦੇ ਪਾਪਾਂ ਦਾ ਫਲ ਨਹੀਂ ਹੈ, ਬੇਈਮਾਨੀ, ਅੱਤਿਆਚਾਰ ਤੇ ਧੋਖੇ ਕਾਰਨ ਹੈ। ਨਿਰਾਸ਼ਾ, ਬੁਜ਼ਦਿਲੀ ਛੱਡੋ। ਤੁਹਾਡੀਆਂ ਜ਼ਮੀਨਾਂ ਜਾਇਦਾਦਾਂ ਦੂਸਰਿਆਂ ਨੇ ਹਥਿਆ ਲਈਆਂ ਹਨ। ਤੁਹਾਨੂੰ ਕਿਧਰੇ ਵੀ ਨੌਕਰੀ ਨਹੀਂ ਮਿਲਣੀ, ਕਿਉਂਕਿ ਹਰ ਜਗ੍ਹਾ ਦੂਜਿਆਂ ਦੀ ਇਜਾਰੇਦਾਰੀ ਹੈ। ਇਹ ਸਭ ਤੁਹਾਡੀ ਕਿਸਮਤ ਕਰਕੇ ਨਹੀਂ, ਇਹ ਤੁਹਾਡੀ ਗ਼ੁਲਾਮੀ ਦਾਸਤਾ ਕਾਰਨ ਹੈ।

• ਐ ਭਾਰਤ ਦੇ ਗਰੀਬੋ ਤੇ ਦਲਿਤੋ! ਤੁਹਾਡਾ ਉਦਾਰ ਇਸ ਗੱਲ ਵਿਚ ਹੈ ਕਿ ਤੁਸੀਂ ਆਪਣੇ ਹਿਤਾਂ ਦੀ ਰੱਖਿਆ ਵਾਲੇ ਕੰਮ ਕਰੋ ਨਾ ਕਿ ਇਸ ਗੱਲ ਵਿਚ ਹੈ ਕਿ ਤੁਸੀਂ ਤੀਰਥ ਯਾਤਰਾਵਾਂ ਕਰਦੇ ਰਹੋ, ਜਾਂ ਵਰਤ ਤੇ ਪੂਜਾ ਪਾਠਾਂ ਵਿਚ ਸਮਾਂ ਬਰਬਾਦ ਕਰਦੇ ਰਹੋ, ਧਰਮ ਗ੍ਰੰਥਾਂ ਸਾਹਮਣੇ ਮੱਥੇ ਟੇਕਦੇ ਰਹੋ ਜਾਂ ਉਨ੍ਹਾਂ ਦੇ ਪਾਠ ਕਰਾਉਂਦੇ ਰਹਿਣ ਨਾਲ ਤੁਹਾਡੀ ਗ਼ੁਲਾਮੀ ਤੇ ਗਰੀਬੀ ਕਦੇ ਦੂਰ ਨਹੀਂ ਹੋ ਸਕਦੀ। ਤੁਹਾਡੇ ਬਜ਼ੁਰਗ ਲੋਕ ਸਦੀਆਂ ਤੋਂ ਅਜਿਹੇ ਕੰਮ ਕਰਦੇ ਆ ਰਹੇ ਹਨ। ਕੀ ਤੁਹਾਡੀ ਗ਼ੁਲਾਮੀ ਤੇ ਗਰੀਬੀ ਵਿਚ ਕੋਈ ਫਰਕ ਪਿਆ?

**ਡਾ: ਅੰਬੇਡਕਰ ਜੀ ਦਾ ਅੰਤਿਮ ਸੰਦੇਸ਼ :**

ਆਪਣੇ ਗ਼ਰੀਬ ਅਤੇ ਅਗਿਆਨੀ ਭਰਾਵਾਂ ਦੀ ਭਲਾਈ ਕਰਨਾ ਹਰ ਇਕ ਪੜ੍ਹੇ-ਲਿਖੇ ਵਿਅਕਤੀ ਦਾ ਪ੍ਰਮੁੱਖ ਕਰਤੱਵ ਹੈ। ਉੱਚ ਪਦਾਂ 'ਤੇ ਪਹੁੰਚ ਜਾਣ ਬਾਅਦ ਅਸੀਂ ਆਪਣੇ ਅਗਿਆਨੀ ਭਰਾਵਾਂ ਨੂੰ ਭੁੱਲ ਜਾਂਦੇ ਹਾਂ। ਜੇਕਰ ਅਸੀਂ ਆਪਣੇ ਭੈਣ ਭਰਾਵਾਂ ਦੀ ਭਲਾਈ ਪ੍ਰਤੀ ਧਿਆਨ ਨਾ ਦਿੱਤਾ ਤਾਂ ਸਾਡੇ ਸਮਾਜ ਦਾ ਪਤਨ ਹੋ ਜਾਵੇਗਾ।

• ਮੈਂ ਤੁਹਾਡੇ ਲਈ ਜੋ ਕੁਝ ਵੀ ਕੀਤਾ ਹੈ ਉਹ ਬੇਹੱਦ ਮੁਸੀਬਤਾਂ, ਅਤਿਅੰਤ ਦੁੱਖਾਂ ਅਤੇ ਬੇਸ਼ੁਮਾਰ ਵਿਰੋਧੀਆਂ ਦਾ ਮੁਕਾਬਲਾ ਕਰਕੇ ਕੀਤਾ ਹੈ। ਇਹ ਕਾਰਵਾਂ ਅੱਜ ਜਿਸ ਜਗ੍ਹਾ 'ਤੇ ਹੈ ਮੈਂ ਇਥੇ ਬੜੀਆਂ ਮੁਸੀਬਤਾਂ ਨਾਲ ਲੈ ਕੇ ਆਇਆ ਹਾਂ, ਬੇਸ਼ੱਕ ਰਸਤੇ ਵਿਚ ਕਿੰਨੀਆਂ ਹੀ ਰੁਕਾਵਟਾਂ ਕਿਉਂ ਨਾ ਹੋਣ, ਇਹ ਕਾਰਵਾਂ ਅੱਗੇ ਹੀ ਅੱਗੇ ਵਧਣਾ ਜਾਣਾ ਚਾਹੀਦਾ ਹੈ। ਇਹ ਤੁਹਾਡਾ ਪਰਮ ਕਰਤੱਵ ਹੈ। ਜੇਕਰ ਤੁਸੀਂ ਇਸ ਨੂੰ ਅੱਗੇ ਨਾ ਵਧਾ ਸਕੇ ਤਾਂ ਇਸ ਨੂੰ ਇਥੇ ਹੀ ਛੱਡ ਦੇਣਾ ਪਰ ਕਿਸੇ ਵੀ ਹਾਲਤ ਵਿਚ ਪਿਛੇ ਨਾ ਜਾਣ ਦੇਣਾ। ਮੇਰਾ ਇਹੀ ਅੰਤਿਮ ਸੰਦੇਸ਼ ਹੈ।

**ਸੰਗ੍ਰਹਿ ਕਰਤਾ : ਦਿਲਬਾਗ ਸਿੰਘ**

# ਜਦੋਂ ਬਾਬਾ ਸਾਹਿਬ ਨੇ ਮੈਨੂੰ ਆਸ਼ੀਰਵਾਦ ਦਿੱਤਾ

1951 ਈ: ਵਿਚ ਜਲੰਧਰ ਵਿਖੇ ਇਕ ਦਲਿਤ ਕਾਨਫਰੰਸ ਹੋ ਰਹੀ ਸੀ ਜਿਸ ਦੇ ਮੁੱਖ ਮਹਿਮਾਨ ਡਾ: ਅੰਬੇਡਕਰ ਜੀ ਸਨ। ਮੈਂ ਵੀ ਸਟੇਜ ਤੋਂ ਕਵਿਤਾ ਬੋਲਣੀ ਸੀ। ਮੇਰੇ ਤੋਂ ਬਾਅਦ ਬਾਬਾ ਸਾਹਿਬ ਨੇ ਭਾਸ਼ਣ ਦੇਣਾ ਸੀ। ਮੈਂ 'ਹੱਥ ਛੁਰੀ ਜਗਤ ਕਸਾਈ' ਦੇ ਸਿਰਲੇਖ ਹੇਠ ਕਵਿਤਾ ਪੜ੍ਹੀ ਕਿ ਕਿਵੇਂ ਮੰਨੂਵਾਦ ਸਾਰੇ ਜਗਤ ਦੇ ਗਲੇ ਕੱਟ ਰਿਹਾ ਹੈ। ਜਦ ਮੈਂ ਕਵਿਤਾ ਖ਼ਤਮ ਕੀਤੀ ਤਾਂ ਬਾਬਾ ਸਾਹਿਬ ਨੇ ਮੇਰੀ ਪਿੱਠ ਥਪ-ਥਪਾਉਂਦਿਆਂ ਮੈਨੂੰ ਸ਼ਾਬਾਸ਼ ਦਿੱਤੀ। ਇਸ ਘੜੀ ਨੂੰ ਚੇਤੇ ਕਰਕੇ ਮੇਰਾ ਮਨ ਬਾਗੋ-ਬਾਗ ਹੋ ਜਾਂਦਾ ਹੈ ਕਿ ਮੈਂ ਬਹੁਤ ਵੱਡੇ ਭਾਗਾਂ ਵਾਲਾ ਹਾਂ ਕਿਉਂਕਿ ਮੈਨੂੰ ਦਲਿਤਾਂ ਦੇ ਮਸੀਹਾ ਡਾ: ਅੰਬੇਡਕਰ ਜੀ ਨੇ ਆਸ਼ੀਰਵਾਦ ਦਿੱਤਾ ਹੋਇਆ ਹੈ।

*—ਮੱਘਰ ਸਿੰਘ ਰਿਟਾ: ਐਸ. ਆਈ. (ਪੁਲਿਸ) ਲੁਧਿਆਣਾ*

# ਧੰਨਵਾਦ

ਅਸੀਂ ਧੰਨਵਾਦੀ ਹਾਂ ਦਲਿਤ ਕੌਮ ਦੇ ਵਿਦਵਾਨ ਲੇਖਕ ਸ੍ਰੀ ਐਸ. ਐਲ. ਵਿਰਦੀ, ਜਿਨ੍ਹਾਂ ਦੀ ਪੁਸਤਕ 'ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਅੰਬੇਡਕਰ' ਅਤੇ ਸ੍ਰੀ ਸੋਹਣ ਸਹਿਜਲ ਜਿਨ੍ਹਾਂ ਦੀ ਪੁਸਤਕ 'ਡਾ: ਅੰਬੇਡਕਰ ਜੀਵਨੀ' ਦੀ ਸਹਾਇਤਾ ਨਾਲ ਇਹ ਟ੍ਰੈਕਟ ਲਿਖਿਆ ਗਿਆ ਹੈ। ਸੰਸਥਾ ਹਰੇਕ ਸਾਲ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ 'ਤੇ ਅਜਿਹੇ ਟ੍ਰੈਕਟ ਛਾਪ ਕੇ ਸੰਗਤਾਂ ਤੱਕ ਮੁਫ਼ਤ ਪਹੁੰਚਾਉਂਦੀ ਹੈ। ਹੁਣ ਡਾ: ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਇਹ ਮੁਫ਼ਤ ਟ੍ਰੈਕਟ ਛਾਪਣਾ ਆਰੰਭ ਕੀਤਾ ਜਾ ਰਿਹਾ ਹੈ। ਉਮੀਦ ਹੈ ਕਿ ਪਾਠਕ ਸਾਨੂੰ ਪੱਤਰਾਂ ਜਾਂ ਫੋਨ ਰਾਹੀਂ ਸਾਡਾ ਹੌਸਲਾ ਵਧਾਉਣਗੇ। ਸਾਡੀ ਕੌਮ ਵਿਚ ਪ੍ਰਚਾਰਕਾਂ ਦੀ ਬਹੁਤ ਘਾਟ ਹੈ। ਇਹ ਸੰਸਥਾ ਪਿੰਡ-ਪਿੰਡ ਵਿਚ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਪ੍ਰਚਾਰਕ ਪੈਦਾ ਕਰਨੇ ਚਾਹੁੰਦੀ ਹੈ। ਸਾਨੂੰ ਕੌਮ ਦੀ ਭਲਾਈ ਲਈ ਤੁਹਾਡੇ ਜਿਹੇ ਕੌਮ ਦੇ ਦਰਦੀਆਂ ਦੀ ਅਤੀ ਜ਼ਰੂਰਤ ਹੈ। ਸੋ ਆਉ ਬਾਬਾ ਸਾਹਿਬ ਜੀ ਦੇ ਉਪਦੇਸ਼ਾਂ 'ਤੇ ਚੱਲਦਿਆਂ ਅਸੀਂ ਵੀ ਆਪਣੇ ਸਮਾਜ ਵਿਚ ਆਪਣਾ ਯੋਗਦਾਨ ਪਾਈਏ ਕਿਉਂਕਿ ਬਾਬਾ ਸਾਹਿਬ ਦਾ ਸਾਡੇ ਉੱਤੇ ਕਰਜ਼ ਹੈ। ਜੇਕਰ ਅਸੀਂ ਮੂਲ ਨਹੀਂ ਮੋੜ ਸਕਦੇ ਤਾਂ ਘੱਟੋ-ਘੱਟ ਵਿਆਜ ਤਾਂ ਅਦਾ ਕਰਨਾ ਚਾਹੀਦਾ ਹੈ।

# ਬਚਪਨ ਵਿਚ ਬਾਬਾ ਸਾਹਿਬ ਦੇ ਦਰਸ਼ਨ ਕੀਤੇ

ਮੈਂ 5-6 ਸਾਲ ਦੀ ਉਮਰ ਦਾ ਸਾਂ, ਜਦੋਂ ਡਾ: ਅੰਬੇਡਕਰ ਜੀ ਦੇ ਜਲੰਧਰ ਵਿਖੇ ਦਰਸ਼ਨ ਕੀਤੇ। ਉਸ ਸਮੇਂ ਮੇਰੇ ਸਤਿਕਾਰਯੋਗ ਪਿਤਾ ਸ: ਸਤਵੰਤ ਸਿੰਘ ਬੱਧਣ ਉਰਫ ਸ: ਧਰਮ ਸਿੰਘ ਸੰਘਵਾਲ ਆਪਣੇ ਸਾਥੀਆਂ ਅਨੰਤ ਰਾਮ ਬੱਧਣ, ਮਿਸਤਰੀ ਦੇਸ ਰਾਜ, ਪ੍ਰੀਤਮ ਸਿੰਘ ਪ੍ਰੀਤਮ, ਨਾਰਾਇਣ ਦਾਸ ਦੁੱਗਲ, ਸ੍ਰੀ ਕਨੌਜੀਆ ਜੀ, ਦੇਵ ਰਾਜ, ਚੈਨ ਸਿੰਘ ਕਿਰਤੀ, ਕਰਮ ਸਿੰਘ ਕਿਰਤੀ ਆਦਿ ਨਾਲ ਮਿਲ ਕੇ, ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਤੋਂ ਵਿਹਲੇ ਹੋ ਕੇ ਦੇਸ਼ ਸੇਵਾ ਵਿਚ ਜੁਟੇ ਹੋਏ ਸਨ। ਇਸ ਸਮਾਗਮ ਦੀ ਯਾਦ ਬਚਪਨ ਮਨ ਵਿਚ ਕਿਤੇ ਨਾ ਕਿਤੇ ਸਮੋਈ ਹੋਈ ਹੈ। *—ਰਛਪਾਲ ਸਿੰਘ ਬੱਧਣ*

ਸੰਪਰਕ ਲਈ ਪਤਾ :

**ਰਛਪਾਲ ਸਿੰਘ ਬੱਧਣ (ਪ੍ਰਧਾਨ)**
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ)
ਹੈੱਡ ਆਫ਼ਿਸ : ਐਨ. ਬੀ. 180,
ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4
ਫ਼ੋਨ ਨੰਬਰ : 0181-2490309

**ਦਿਲਬਾਗ ਸਿੰਘ (ਦਫ਼ਤਰ ਸਕੱਤਰ)**
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ)
ਸਬ ਆਫ਼ਿਸ : ਪਿੰਡ ਤੇ ਡਾਕਖਾਨਾ ਬਿਨਪਾਲਕੇ
ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144201
ਫ਼ੋਨ ਨੰਬਰ : 0181-2725408